ਨੰਬਰ 739-40 . . /ਪਾਰਟ/272/61                                                    ਮਿਤੀ 23/10/2020

ਵੱਲ

ਮੁੱਖ ਇੰਜੀਨੀਅਰ/ਨਹਿਰਾਂ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ ।

ਵੱਲ

1. ਨਿਗਰਾਨ ਇੰਜੀਨੀਅਰ,
ਸਰਹੰਦ ਕੈਨਾਲ ਸਰਕਲ,
ਲੁਧਿਆਣਾ ।

2. ਨਿਗਰਾਨ ਇੰਜੀਨੀਅਰ,
ਆਈ.ਬੀ. ਸਰਕਲ,
ਪਟਿਆਲਾ ।

ਵਿਸ਼ਾ: ਰਬੀ ਸਮੇਂ ਮਿਤੀ **29-10-2020** ਤੋਂ ਮਿਤੀ **22- 04-2021** ਤੱਕ ਸਰਹੰਦ ਕੈਨਾਲ ਸਿਸਟਮ ਦੀਆ ਨਹਿਰਾ ਦੇ ਚਲਾਉਣ ਦਾ ਵਾਰੀ ਬੰਦੀ ਪ੍ਰੋਗਰਾਮ ।

ਸਰਹੰਦ ਕੈਨਾਲ ਸਿਸਟਮ ਦੀਆ ਨਹਿਰਾਂ ਰਬੀ ਸਮੇਂ ਮਿਤੀ **29-10-2020** ਤੋਂ ਮਿਤੀ **22- 04-2021** ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋਂ ਮੰਨਜੂਰਸ਼ੁਦਾ ਪ੍ਰੋਗਰਾਮ ਤਿਆਰ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਰੇਵੀਨਿਊ ਮੈਨੂਅਲ ਦੇ ਪੈਰਾ 131 ਅਨੁਸਾਰ ਇਸ ਵਾਰੀ ਬੰਦੀ ਪ੍ਰੋਗਰਾਮ ਦਾ ਸਾਰੇ ਸਬੰਧਤ ਲੋਕਾ ਅਤੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਲਈ ਇਸ ਦਾ ਕਾਫੀ ਪ੍ਰਚਾਰ ਕੀਤਾ ਜਾਵੇ। ਜਦ ਸਰਹੰਦ ਕੈਨਾਲ ਸਿਸਟਮ ਦੇ ਨਹਿਰਾਂ ਗਰੁੱਪ ਦਾ ਇੰਡੈਂਟ ਪੂਰਾ ਨਾ ਹੋਵੇ ਅਤੇ ਪਾਣੀ ਦੀ ਉਪਲੱਭਤਾ ਘੱਟ ਹੋਵੇ ਤਾ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਪ੍ਰਚਲਤ ਕੀਤਾ ਜਾਵੇ ।

ਇਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਜਿਹਾ ਵਾਰੀ ਬੰਦੀ ਪ੍ਰੋਗਰਾਮ ਸਾਰੇ ਰਜਬਾਹਿਆ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਇਸ ਨੂੰ ਲਾਗੂ ਕਰਨ, ਤਾ ਕਿ ਨਹਿਰ ਦੇ ਪਾਣੀ ਦੀ ਬੇਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਹਰੇਕ ਰਜਬਾਹਾ ਆਪਣੀ ਵਾਰੀ ਮੁਤਾਬਿਕ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚਲੇ, ਜਦੋਂ ਕਿ ਬਰਾਂਚ/ਨਹਿਰ ਵਿੱਚ ਪਾਣੀ ਦੀ ਉਪਲੱਭਤਾ ਘੱਟ ਹੋਵੇ ਜਾਂ ਇੰਡੈਂਟ ਮੁਤਾਬਿਕ ਨਾ ਚੱਲਦੀ ਹੋਵੇ ।

ਇਸ ਵਾਰੀ ਬੰਦੀ ਪ੍ਰੋਗਰਾਮ ਦੀਆ ਕਾਪੀਆਂ ਸਾਰੇ ਨਹਿਰੀ ਵਿਸ਼ਰਾਮ ਘਰਾਂ/ਰੈਗੂਲੇਟ ਕਰਨ ਵਾਲੀਆ ਥਾਂਵਾਂ/ਸਬੰਧਤ ਨਹਿਰਾਂ, ਰਜਬਾਹਿਆਂ ਦੇ ਹੇਠ ਅਤੇ ਪਿੰਡਾ ਦੇ ਪੰਚਾਇਤ ਘਰਾ ਵਿੱਚ ਲਾਈਆਂ ਜਾਣ ਅਤੇ ਇਕ-ਇੱਕ ਕਾਪੀ ਸਬੰਧਤ ਪਿੰਡਾ ਦੇ ਸਰਪੰਚਾ ਨੂੰ ਵੀ ਦਿੱਤੀ ਜਾਵੇ, ਤਾ ਕਿ ਕਾਸ਼ਤਕਾਰਾ ਨੂੰ ਸਾਲ 2020-2021 ਦੇ ਹਾੜੀ ਸਮੇਂ ਵਿੱਚ ਪਾਣੀ ਦੀ ਉਪਲਬੱਧਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ ।

ਇਸ ਪ੍ਰੋਗਰਾਮ ਨੂੰ ਤਿਆਰ ਕਰਕੇ ਭੇਜਣ ਬਾਰੇ ਆਪ ਜੀ ਨੂੰ ਇਸ ਦਫਤਰ ਦੇ ਪੱਤਰ ਨੰਬਰ 643-44 /ਪਾਰਟ/272/61, ਮਿਤੀ 15-10-2020 ਅਤੇ ਕੈਨਾਲ ਵਾਇਰ ਰਾਹੀਂ ਲਿਖਿਆ ਗਿਆ ਸੀ। ਪਰੰਤੂ ਜਿਸਦਾ ਆਪ ਜੀ ਦੇ ਦਫ਼ਤਰ ਵੱਲੋਂ ਅਜੇ ਤੱਕ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪ੍ਰੋਗਰਾਮ ਤਿਆਰ ਕਰਕੇ ਭੇਜਿਆ ਜਾਂਦਾ ਹੈ।

ਜੇਕਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾ ਮੁੱਖ ਇੰਜੀਨੀਅਰ/ਨਹਿਰਾ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

ਨੱਥੀ/ਵਾਰੀ ਬੰਦੀ ਪ੍ਰੋਗਰਾਮ
ਦੀਆਂ ਚਾਰ ਕਾਪੀਆਂ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜੱਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ

Scanned with CamScanner

ਪਿਠ ਅੰਕਣ ਨੰਬਰ 741-71/3ਪਾਰਟ/272/61 ਮਿਤੀ. 23/10/2020

ਉਪਰੋਕਤ ਦੀ ਕਾਪੀ, ਸਮੇਂ ਵਾਰੀ ਬੰਦੀ ਪ੍ਰੋਗਰਾਮ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿਤ ਭੇਜੀ ਜਾਂਦੀ ਹੈ।

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਜੱਲ ਸਰੋਤ ਵਿਭਾਗ, ਚੰਡੀਗੜ੍ਹ।
2. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਦਾਰਾ ਸਟੂਡਿਉ ਦੇ ਸਾਮਨੇ ਫੇਜ 6 ਮੋਹਾਲੀ . ।
3. ਲੋਕ ਸੰਪਰਕ ਅਧਿਕਾਰੀ, ਸਿੰਚਾਈ ਮੰਤਰੀ, ਪੰਜਾਬ, ਕਮਰਾ ਨੰ:11, ਪੰਜਵੀ ਮੰਜਿਲ ਸਿਵਲ ਸਕੱਤਰੇਤ, ਚੰਡੀਗੜ੍ਹ।
4. ਡਾਇਰੈਕਟਰ, ਐਕਸਟੇਂਸ਼ਨ ਐਜੂਕੇਸ਼ਨ., ਖੇਤੀਬਾੜੀ ਯੂਨੀਵਰਸਿਟੀ ਪੰਜਾਬ, ਲੁਧਿਆਣਾ।
5. ਕਾਰਜਕਾਰੀ ਇੰਜੀਨੀਅਰ/ਬਿਸਤ ਦੁਆਬ ਕੈਨਾਲ ਮੰਡਲ, ਜਲੰਧਰ।
6. ਕਾਰਜਕਾਰੀ ਇੰਜੀਨੀਅਰ/ਨਹਿਰਾਂ, ਜੱਲ ਸਰੋਤ ਵਿਭਾਗ, ਮੁੱਖ ਦਫ਼ਤਰ, ਪੰਜਾਬ, ਚੰਡੀਗੜ੍ਹ।
7. ਕਾਰਜਕਾਰੀ ਇੰਜੀਨੀਅਰ, ਸਿਧਵਾਂ ਕੈਨਾਲ ਮੰਡਲ, ਲੁਧਿਆਣਾ।
8. ਕਾਰਜਕਾਰੀ ਇੰਜੀਨੀਅਰ, ਫਰੀਦਕੋਟ ਕੈਨਾਲ ਮੰਡਲ, ਫਰੀਦਕੋਟ।
9. ਕਾਰਜਕਾਰੀ ਇੰਜੀਨੀਅਰ, ਲਹਿਲ ਆਈ.ਬੀ. ਮੰਡਲ, ਪਟਿਆਲਾ।
10. ਕਾਰਜਕਾਰੀ ਇੰਜੀਨੀਅਰ, ਸੰਗਰੂਰ ਆਈ.ਬੀ. ਮੰਡਲ, ਸੰਗਰੂਰ।
11. ਕਾਰਜਕਾਰੀ ਇੰਜੀਨੀਅਰ, ਮਾਨਸਾ ਆਈ.ਬੀ. ਮੰਡਲ, ਜਵਾਹਰਕੇ।
12. ਕਾਰਜਕਾਰੀ ਇੰਜੀਨੀਅਰ, ਬਠਿੰਡਾ ਕੈਨਾਲ ਮੰਡਲ, ਬਠਿੰਡਾ।
13. ਕਾਰਜਕਾਰੀ ਇੰਜੀਨੀਅਰ, ਰੋਪੜ ਹੈਡ ਵਰਕਸ ਮੰਡਲ, ਰੋਪੜ।

ਡਿਪਟੀ ਕਮਿਸ਼ਨਰਜ਼

| | | | |
|---|---|---|---|
| 14 | ਪਟਿਆਲਾ | 23 | ਬਠਿੰਡਾ |
| 15 | ਲੁਧਿਆਣਾ | 24 | ਮਾਨਸਾ |
| 16 | ਫਿਰੋਜ਼ਪੁਰ | 25 | ਮੋਗਾ |
| 17 | ਜਲੰਧਰ | 26 | ਮੁਕਤਸਰ |
| 18 | ਹੁਸ਼ਿਆਰਪੁਰ | 27 | ਨਵਾਂਸ਼ਹਿਰ |
| 19 | ਰੋਪੜ | 28 | ਤਰਨਤਾਰਨ |
| 20 | ਸੰਗਰੂਰ | 29 | ਐਸ.ਏ.ਐਸ. ਨਗਰ, ਮੋਹਾਲੀ |
| 21 | ਫਰੀਦਕੋਟ | 30 | ਬਰਨਾਲਾ |
| 22 | ਫਤਿਹਗੜ੍ਹ ਸਾਹਿਬ | | |

31. ਇੰਚਾਰਜ ਕੰਪਿਊਟਰ ਸੈਲ ਜੱਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬ ਸਾਇਟ ਤੇ ਪਾਉਣ ਲਈ ਭੇਜਿਆਂ ਜਾਂਦਾ ਹੈ।

ਸਹਿਪੱਤਰ/ਉਪਰੋਕਤ ਅਨੁਸਾਰ

ਸਹੀ/-
ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ,
ਪੰਜਾਬ,ਚੰਡੀਗੜ੍ਹ।

Scanned with CamScanner

ਸਰਹੰਦ ਕੈਨਾਲ ਸਿਸਟਮ ਦੀਆਂ ਨਹਿਰਾਂ ਦਾ ਰਬੀ ਸਮਾਂ, ਮਿਤੀ **29-10-2020** ਤੋਂ ਮਿਤੀ **22-04-2021** ਤੱਕ ਦਾ ਵਾਰੀ ਬੰਦੀ ਪ੍ਰੋਗਰਾਮ।

| ਲੜੀ ਨੰ | ਸਮਾ | | ਗਰੁੱਪ ਏ | | | ਗਰੁੱਪ ਬੀ | |
|---|---|---|---|---|---|---|---|
| | ਤੋ | ਤੱਕ | ਬਿਸਤ ਦੁਆਬ ਕੈਨਾਲ | ਸਿਧਵਾ ਬਰਾਂਚ | ਬਠਿੰਡਾ ਬਰਾਂਚ | ਅਬੋਹਰ ਬਰਾਂਚ | ਪਟਿਆਲਾ ਫੀਡਰ |
| 1 | 29/10/2020 | 05/11/2020 | 3 | 1 | 2 | 5 | 4 |
| 2 | 06/11/2020 | 13/11/2020 | 3 | 4 | 5 | 1 | 2 |
| 3 | 14/11/2020 | 21/11/2020 | 1 | 2 | 3 | 4 | 5 |
| 4 | 22/11/2020 | 29/11/2020 | 4 | 5 | 3 | 2 | 1 |
| 5 | 30/11/2020 | 07/12/2020 | 2 | 3 | 1 | 5 | 4 |
| 6 | 08/12/2020 | 15/12/2020 | 5 | 3 | 4 | 1 | 2 |
| 7 | 16/12/2020 | 23/12/2020 | 3 | 1 | 2 | 4 | 5 |
| 8 | 24/12/2020 | 31/12/2020 | 3 | 4 | 5 | 2 | 1 |
| 9 | 01/01/2021 | 08/01/2021 | 1 | 2 | 3 | 5 | 4 |
| 10 | 09/01/2021 | 16/01/2021 | 4 | 5 | 3 | 1 | 2 |
| 11 | 17/01/2021 | 24/01/2021 | 2 | 3 | 1 | 4 | 5 |
| 12 | 25/01/2021 | 01/02/2021 | 5 | 3 | 4 | 2 | 1 |
| 13 | 02/02/2021 | 09/02/2021 | 3 | 1 | 2 | 5 | 4 |
| 14 | 10/02/2021 | 17/02/2021 | 3 | 4 | 5 | 1 | 2 |
| 15 | 18/02/2021 | 25/02/2021 | 1 | 2 | 3 | 4 | 5 |
| 16 | 26/02/2021 | 05/03/2021 | 4 | 5 | 3 | 2 | 1 |
| 17 | 06/03/2021 | 13/03/2021 | 2 | 3 | 1 | 5 | 4 |
| 18 | 14/03/2021 | 21/03/2021 | 5 | 3 | 4 | 1 | 2 |
| 19 | 22/03/2021 | 29/03/2021 | 3 | 1 | 2 | 4 | 5 |
| 20 | 30/03/2021 | 06/04/2021 | 3 | 4 | 5 | 2 | 1 |
| 21 | 07/04/2021 | 14/04/2021 | 1 | 2 | 3 | 5 | 4 |
| 22 | 15/04/2021 | 22/04/2021 | 4 | 5 | 3 | 1 | 2 |
| | | | | | | | |

ਇਹ ਪ੍ਰੋਗਰਾਮ ਬਿਨਾ ਕਿਸੇ ਨੋਟਿਸ ਦੇ ਬਦਲਿਆਜਦੁਹਰਾਇਆ ਜਾ ਸਕਦਾ ਹੈ। ਕਪਾਹ ਦੀ ਫਸਲ ਨੂੰ ਮੁੱਖ ਰੱਖਦੇ ਹੋਏ, ਕਪਾਹਜਨਰਮੇ ਦੀ ਬਿਜਾਈ ਲਈ ਨਿਗਰਾਨ ਇੰਜੀਨੀਅਰ ਵੱਲ ਇਨ੍ਹਾਂ ਨਹਿਰਾਂ ਵਿਚ **23-04-2021** ਤੂੰ ਮਿਤੀ **31-05-2021** ਤੱਕ ਦੇ ਦੌਰਾਨ ਲੋੜ ਅਨੁਸਾਰ ਪਹਿਲ ਦੇ ਅਧਾਰ ਤੇ ਪਾਣੀ ਦਿੱਤਾ ਜਾਵੇ।

2. ਨਿਗਰਾਨ ਇੰਜੀਨੀਅਰ, ਸਰਹੰਦ ਕੈਨਾਲ ਹਲਕਾ, ਲੁਧਿਆਣਾ ਅਤੇ ਨਿਗਰਾਨ ਇੰਜੀਨੀਅਰ, ਆਈ.ਬੀ. ਹਲਕਾ, ਪਟਿਆਲਾ ਇਸ ਗੱਲ ਦਾ ਧਿਆਨ ਰੱਖਣ ਕਿ ਦਮਦਮਾ ਸਾਹਿਬ ਗੁਰਦੁਆਰੇ ਦਾ ਸਰੋਵਰ ਪੂਰੀ ਤਰ੍ਹਾਂ ਭਰਿਆ ਹੋਣਾ ਚਾਹੀਦਾ ਹੈ। ਬੇਸ਼ਕ ਇਸ ਬਾਰੇ ਵਾਰੀ ਬੰਦੀ ਪ੍ਰੋਗਰਾਮ ਵਿੱਚ ਕੋਈ ਤਬਦੀਲੀਆਂ ਵੀ ਕਰਨੀਆ ਪੈਣ।

3. ਰਜਬਾਹੇਜਮਾਈਨਰ ਜਿਹੜੇ ਕਿ ਪੱਕੇ ਕੀਤੇ ਹੋਏ ਹਨ, ਪੂਰੀ ਸਮਰੱਥਾ ਨਾਲੋਂ 90 ਪ੍ਰਤੀਸ਼ਤ ਤੋਂ ਘੱਟ ਡਿਸਚਾਰਜ ਨਾਲ ਨਾ ਚਲਾਇਆ ਜਾਵੇ।

ਚਲਦਾ ਪੰਨਾ-4

Scanned with CamScanner

4. ਇਹ ਨਹਿਰਾਂ ਉਪਰੋਕਤ ਤਰਜੀਹ ਤੇ ਪਾਣੀ ਦੀ ਉਪਲੱਬਤਾ ਅਤੇ ਹੈਡ ਆਫਿਸ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਚਲਾਈਆਂ ਜਾਣ।

| | ਗਰੁੱਪ 'ਏ' | | | ਗਰੁੱਪ 'ਬੀ' | |
|---|---|---|---|---|---|
| 1 | ਬੀ.ਡੀ.ਸੀ. | 1452 ਕਿਊਸਿਕਸ | 1 | ਅਬੋਹਰ ਬਰਾਂਚ | 3029 ਕਿਊਸਿਕਸ |
| 2 | ਸਿਧਵਾਂ ਬਰਾਂਚ | 1751 ਕਿਊਸਿਕਸ | 2 | ਪਟਿਆਲਾ ਫੀਡਰ | 4010 ਕਿਊਸਿਕਸ |
| 3 | ਬਠਿੰਡਾ ਬਰਾਂਚ | 2890.50 ਕਿਊਸਿਕਸ | 3 | ਲੋਸਿਜ਼ | 400 ਕਿਊਸਿਕਸ |
| 4 | ਲੋਸਿਜ਼ | 400 ਕਿਊਸਿਕਸ | | | |
| | ਜੋੜ | **6493.50 ਕਿਊਸਿਕਸ** | | ਜੋੜ | 7439 ਕਿਊਸਿਕਸ |

ਨੋਟ :-ਇਸ ਸਮੇਂ ਦੌਰਾਨ ਜੇਕਰ ਕਿਸੇ ਕਾਰਨ ਕਰਕੇ ਨਹਿਰ ਦੀ ਬੰਦੀ ਆ ਜਾਂਦੀ ਹੈ ਤਾਂ ਸਬੰਧਤ ਨਿਗਰਾਨ ਇੰਜੀਨੀਅਰ ਵੱਲੋਂ ਵਾਰੀ ਬੰਦੀ ਪ੍ਰੋਗਰਾਮ ਬਿਨ੍ਹਾਂ ਕਿਸੇ ਨੋਟਿਸ ਦੇ ਬਦਲਿਆ/ਦੋਹਰਾਇਆ ਜਾ ਸਕਦਾ ਹੈ।

Scanned with CamScanner